PSPCL | Punjab State Power Corporation Limited

**O/O CHIEF ENGINEER / COMMERCIAL, PSPCL , THE MALL, PATIALA**
**Website: www.pspcl.in CIN: U40109PB2015GC033813**
**Fax: 0175-2210320, E-Mail: sesalestwo@gmail.com**

<u>ਵਣਜ਼ ਗਸ਼ਤੀ ਪੱਤਰ ਨੰ. 19/2022</u>

ਵੱਲ

(1) ਸਾਰੇ ਪ੍ਰਮੁੱਖ /ਮੁੱਖ ਇੰਜੀਨੀਅਰ (ਵੰਡ),
ਅਧੀਨ ਪੀ.ਐਸ.ਪੀ.ਸੀ.ਐਲ.

(2) ਪ੍ਰਮੁੱਖ ਇੰਜੀਨੀਅਰ/ਆਈ.ਟੀ.,
ਪੀ.ਐਸ.ਪੀ.ਸੀ.ਐਲ., ਪਟਿਆਲਾ।

ਮੀਮੋ ਨੰ. **233/238** /SV-190 ਮਿਤੀ: **23.07.2022**

ਵਿਸ਼ਾ: **ਸਾਰੇ ਘਰੇਲੂ (ਡੀ.ਐਸ.) ਸ਼੍ਰੇਣੀ ਦੇ ਖਪਤਕਾਰਾਂ ਨੂੰ 600 ਯੂਨਿਟ ਦੋ ਮਹੀਨੇ ਲਈ/300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਪ੍ਰਦਾਨ ਕਰਨ ਸਬੰਧੀ।**

ਊਰਜਾ ਵਿਭਾਗ, ਪੰਜਾਬ ਸਰਕਾਰ ਦੇ ਦਫਤਰੀ ਮੀਮੋ ਨੰ. 2/22/2016-ਓਸ਼2/469 ਮਿਤੀ 13.07.2022 ਅਨੁਸਾਰ ਮੰਤਰੀ ਪ੍ਰੀਸ਼ਦ, ਪੰਜਾਬ ਸਰਕਾਰ ਦੀ ਮਿਤੀ 06.07.2022 ਨੂੰ ਹੋਈ ਮੀਟਿੰਗ ਵਿੱਚ ਸਾਰੇ ਘਰੇਲੂ ਖਪਤਕਾਰਾਂ ਨੂੰ, ਜਿਹੜੇ ਸਿਰਫ ਰਿਹਾਇਸ਼ੀ ਉਦੇਸ਼ ਲਈ ਬਿਜਲੀ ਦੀ ਵਰਤੋਂ ਕਰਦੇ ਹਨ (ਘਰੇਲੂ ਸਪਲਾਈ ਦੇ ਸ਼ਡਿਊਲ ਆਫ ਟੈਰਿਫ ਅਧੀਨ ਆਉਂਦੇ ਬਾਕੀ ਹੋਰ ਸਾਰੇ ਖਪਤਕਾਰਾਂ ਜਿਵੇਂ ਕਿ ਸਰਕਾਰੀ ਹਸਪਤਾਲ/ਸਰਕਾਰੀ ਡਿਸਪੈਂਸਰੀਆਂ, ਸਾਰੇ ਪੂਜਾ ਸਥਾਨ, ਸਰਕਾਰੀ ਖੇਡ ਸੰਸਥਾਵਾਂ, ਸੈਨਿਕ ਰੈਸਟ ਹਾਊਸ, ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਅਤੇ ਅਟੈਚਡ ਹੋਸਟਲਾਂ ਨੂੰ ਛੱਡ ਕੇ) ਨੂੰ 600 ਯੂਨਿਟ ਦੋ ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਹ ਰਿਆਇਤ ਮਿਤੀ 01.07.2022 ਤੋਂ ਬਾਅਦ ਬਿਜਲੀ ਦੀ ਹੋਣ ਵਾਲੀ ਖਪਤ ਉਪਰ ਹੇਠ ਲਿਖੇ ਅਨੁਸਾਰ ਲਾਗੂ ਹੋਵੇਗੀ:-

1. **ਬਿਜਲੀ ਖਪਤ 600 ਯੂਨਿਟ ਤੱਕ ਦੋ ਮਹੀਨੇ ਲਈ / 300 ਯੂਨਿਟ ਤੱਕ ਪ੍ਰਤੀ ਮਹੀਨਾ:**

ਸਾਰੇ ਘਰੇਲੂ ਖਪਤਕਾਰ ਜਿਹੜੇ ਸਿਰਫ ਰਿਹਾਇਸ਼ੀ ਉਦੇਸ਼ ਲਈ ਬਿਜਲੀ ਦੀ ਵਰਤੋਂ ਕਰਦੇ ਹਨ ਅਤੇ ਜਿਹਨ੍ਹਾਂ ਦੀ ਖਪਤ 600 ਯੂਨਿਟ ਦੋ ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਤੱਕ ਹੈ, ਉਹਨਾਂ ਖਪਤਕਾਰਾਂ ਲਈ ਭੁਗਤਾਨ ਬਿਲ ਜੀਰੋ ਹੋਵੇਗਾ। ਇਹਨਾਂ ਖਪਤਕਾਰਾਂ ਤੋਂ ਕੋਈ ਵੀ ਊਰਜਾ ਚਾਰਜਿਜ, ਫਿਕਸਡ ਚਾਰਜਿਜ, ਮੀਟਰ ਕਿਰਾਇਆ ਅਤੇ ਸਰਕਾਰੀ ਲੈਵੀਜ/ਟੈਕਸ ਨਹੀਂ ਵਸੂਲੇ ਜਾਣਗੇ।

2. **ਦੋ ਮਹੀਨੇ ਵਿੱਚ 600 ਯੂਨਿਟ ਤੋਂ ਵੱਧ ਖਪਤ / 300 ਯੂਨਿਟ ਪ੍ਰਤੀ ਮਹੀਨਾ ਤੋਂ ਵੱਧ ਖਪਤ:**

ਜੇਕਰ ਬਿਜਲੀ ਦੀ ਖਪਤ ਦੋ ਮਹੀਨੇ ਵਿੱਚ 600 ਯੂਨਿਟ ਤੋਂ ਵੱਧ / 300 ਯੂਨਿਟ ਪ੍ਰਤੀ ਮਹੀਨਾ ਤੋਂ ਵੱਧ ਜਾਂਦੀ ਹੈ ਤਾਂ ਇਹ ਸਕੀਮ ਹੇਠ ਲਿਖੇ ਅਨੁਸਾਰ ਲਾਗੂ ਹੋਵੇਗੀ:-

Scanned with CamScanner

ੳ) ਐਸ.ਸੀ., ਬੀ.ਸੀ., ਨੋਨ ਐਸ.ਸੀ/ਬੀ.ਸੀ. ਬੀਪੀਐਲ ਅਤੇ ਪੰਜਾਬ ਦੇ ਸੁਤੰਤਰਤਾ ਸੈਨਾਨੀਆਂ ਸਮੇਤ ਉਨ੍ਹਾਂ ਦੇ ਵਾਰਿਸਾਂ (**upto grandchildren**) ਜੋ ਨਾਲ ਨੱਥੀ ਸਵੈ-ਘੋਸ਼ਣਾ (ਅਨੈਕਚਰ-ਏ) ਵਿੱਚ ਮੌਜੂਦ ਸ਼ਰਤਾਂ ਪੂਰੀਆਂ ਕਰਦੇ ਹਨ:-

ਇਹ ਖਪਤਕਾਰ 600 ਯੂਨਿਟ ਦੋ ਮਹੀਨੇ ਵਿੱਚ / 300 ਯੂਨਿਟ ਪ੍ਰਤੀ ਮਹੀਨਾ, ਤੋਂ ਵੱਧ ਖਪਤ ਹੋਣ ਵਾਲੀਆਂ ਯੂਨਿਟਾਂ ਲਈ ਹੀ ਊਰਜਾ ਚਾਰਜਿਜ ਸਮੇਤ ਫਿਕਸਡ ਚਾਰਜਿਜ, ਮੀਟਰ ਕਿਰਾਇਆ ਅਤੇ ਸਰਕਾਰੀ ਲੈਵੀਜ/ਟੈਕਸ ਦਾ ਭੁਗਤਾਨ ਕਰਨਗੇ। ਕਿਉਂਕਿ ਮੁਫਤ 600 ਯੂਨਿਟ ਦੋ ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਟੈਰਿਫ ਦੇ ਸ਼ੁਰੂਆਤੀ ਸਲੈਬਾਂ ਨਾਲ ਸਬੰਧਤ ਹਨ, ਇਸ ਲਈ 600 ਯੂਨਿਟ ਦੋ ਮਹੀਨੇ ਵਿੱਚ / 300 ਯੂਨਿਟ ਪ੍ਰਤੀ ਮਹੀਨਾ, ਤੋਂ ਵੱਧ ਬਿਜਲੀ ਦੀ ਖਪਤ ਦਾ ਬਿਲ, 300 ਯੂਨਿਟ ਪ੍ਰਤੀ ਮਹੀਨਾ ਤੋਂ ਉਪਰ ਦੇ ਟੈਰਿਫ ਸਲੈਬ ਦੀਆਂ ਲਾਗੂ ਦਰਾਂ ਅਨੁਸਾਰ ਹੋਵੇਗਾ।

ਇਸ ਸਕੀਮ ਦਾ ਲਾਭ ਉਹਨਾਂ ਖਪਤਕਾਰਾਂ ਨੂੰ ਦਿੱਤਾ ਜਾਵੇਗਾ ਜੋ ਨੱਥੀ **ਅਨੈਚਰ-ਏ** ਅਨੁਸਾਰ ਤਾਜਾ ਸਵੈ-ਘੋਸ਼ਣਾ ਪੱਤਰ ਦੇਣਗੇ।

ਉਦਾਹਰਣ: ਜੇਕਰ ਦੋ ਮਹੀਨੇ ਵਿੱਚ ਖਪਤ 750 ਯੂਨਿਟ ਹੈ, ਤਾਂ 750-600= 150 ਯੂਨਿਟਾਂ ਦਾ ਖਪਤਕਾਰ ਦੁਆਰਾ ਉਪਰੋਕਤ ਦੱਸੇ ਅਨੁਸਾਰ ਲਾਗੂ ਟੈਰਿਫ ਮੁਤਾਬਿਕ ਭੁਗਤਾਨ ਕੀਤਾ ਜਾਵੇਗਾ।

ਅ) ਹੋਰ ਸਾਰੇ ਘਰੇਲੂ ਖਪਤਕਾਰ (ਉਪਰੋਕਤ ਪੁਆਇੰਟ 2(ੳ) ਵਿੱਚ ਦਰਸਾਏ ਖਪਤਕਾਰਾਂ ਤੋਂ ਇਲਾਵਾ):

ਇਹਨਾਂ ਖਪਤਕਾਰਾਂ ਦੀ ਖਪਤ, ਜੇਕਰ 600 ਯੂਨਿਟ ਦੋ ਮਹੀਨੇ ਵਿੱਚ / 300 ਯੂਨਿਟ ਪ੍ਰਤੀ ਮਹੀਨਾ, ਤੋਂ ਵੱਧ ਜਾਂਦੀ ਹੈ ਤਾਂ ਉਹ ਸਾਰੀ ਬਿਜਲੀ ਖਪਤ ਲਈ ਸਮੇਂ-ਸਮੇਂ ਸਿਰ ਮਾਨਯੋਗ ਪੀ.ਐਸ.ਈ.ਆਰ.ਸੀ. ਵੱਲੋਂ ਲਾਗੂ ਟੈਰਿਫ ਅਨੁਸਾਰ ਊਰਜਾ ਚਾਰਜਿਜ ਸਮੇਤ ਫਿਕਸਡ ਚਾਰਜਿਜ, ਮੀਟਰ ਕਿਰਾਇਆ ਅਤੇ ਸਰਕਾਰੀ ਲੈਵੀਜ/ਟੈਕਸ ਦਾ ਭੁਗਤਾਨ ਕਰਨਗੇ।

ਉਦਾਹਰਣ: ਜੇਕਰ ਦੋ ਮਹੀਨੇ ਵਿੱਚ ਖਪਤ 750 ਯੂਨਿਟ ਹੈ ਤਾਂ ਖਪਤਕਾਰ ਲਾਗੂ ਟੈਰਿਫ ਅਨੁਸਾਰ 750 ਯੂਨਿਟਾਂ ਦਾ ਉਪਰੋਕਤ ਦਰਸਾਏ ਅਨੁਸਾਰ ਭੁਗਤਾਨ ਕਰਨਗੇ।

3. ਰੂਫਟਾਪ ਸੋਲਰ ਘਰੇਲੂ ਖਪਤਕਾਰ (ਪਰਜ਼ੂਮਰਜ):

(ਦੱਸਣਯੋਗ ਹੈ ਕਿ ਸੋਲਰ ਖਪਤਕਾਰਾਂ ਦਾ ਬਿਲ ਪ੍ਰਤੀ ਮਹੀਨਾ ਬਣਦਾ ਹੈ)

ੳ) ਪ੍ਰਤੀ ਮਹੀਨਾ ਆਯਾਤ ਖਪਤ 300 ਯੂਨਿਟਾਂ ਤੱਕ:

ਅਜਿਹੇ ਖਪਤਕਾਰਾਂ ਦਾ ਪ੍ਰਤੀ ਮਹੀਨਾ ਬਿਲ ਉਪਰੋਕਤ ਪੁਆਇੰਟ ਨੰਬਰ 1 ਅਨੁਸਾਰ ਜੀਰੋ ਹੋਵੇਗਾ।

ਅ) ਪ੍ਰਤੀ ਮਹੀਨਾ ਆਯਾਤ ਖਪਤ 300 ਯੂਨਿਟਾਂ ਤੋਂ ਵੱਧ:

ਅਜਿਹੇ ਖਪਤਕਾਰ/ਪਰਜ਼ੂਮਰਜ ਵਣਜ ਗਸ਼ਤੀ ਪੱਤਰ ਨੰ. 22/2015 ਮਿਤੀ 08.06.2015 ਅਤੇ ਵਣਜ ਗਸ਼ਤੀ ਪੱਤਰ ਨੰ. 36/2021 ਮਿਤੀ 05.10.2021 ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਪ੍ਰਤੀ ਮਹੀਨਾ ਬਿਲ ਦਾ ਭੁਗਤਾਨ ਕਰਨਗੇ।

<u>ਨੋਟ:</u> ਸਾਰੇ ਰੂਫਟਾਪ ਸੋਲਰ ਘਰੇਲੂ ਖਪਤਕਾਰ/ਪਰਜ਼ੂਮਰਜ ਸੈਟਲਮੈਂਟ ਪੀਰਿਅਡ ਦੇ ਅਖੀਰ ਵਿੱਚ, ਪ੍ਰਤੀ ਮਹੀਨਾ ਬਿਲ, ਪੁਆਇੰਟ 3 (ੳ) ਜਾਂ 3 (ਅ) ਜਿਵੇਂ ਵੀ ਲਾਗੂ ਹੋਵੇ ਤੋਂ ਇਲਾਵਾ, ਵਣਜ ਗਸ਼ਤੀ ਪੱਤਰ ਨੰ. 22/2015 ਮਿਤੀ 08.06.2015 ਅਤੇ ਵਣਜ ਗਸ਼ਤੀ ਪੱਤਰ ਨੰ. 36/2021 ਮਿਤੀ 05.10.2021 ਦੀਆਂ ਮੌਜੂਦਾ ਹਦਾਇਤਾਂ ਮੁਤਾਬਿਕ ਬਿਲ ਦਾ ਭੁਗਤਾਨ ਕਰਨਗੇ।

Scanned with CamScanner

4. ਪੀ.ਐਸ.ਪੀ.ਸੀ.ਐਲ. ਕਰਮਚਾਰੀ ਜੋ ਬਿਜਲੀ ਰਿਆਇਤ ਲਈ ਯੋਗ ਹਨ:

ੳ) ਬਿਜਲੀ ਖਪਤ 600 ਯੂਨਿਟ ਤੱਕ ਦੋ ਮਹੀਨੇ ਲਈ / 300 ਯੂਨਿਟ ਤੱਕ ਪ੍ਰਤੀ ਮਹੀਨਾ:

ਅਜਿਹੇ ਖਪਤਕਾਰਾਂ ਦਾ ਬਿਲ ਉਪਰੋਕਤ ਪੁਆਇੰਟ ਨੰਬਰ 1 ਅਨੁਸਾਰ ਜ਼ੀਰੋ ਹੋਵੇਗਾ।

ਅ) ਦੋ ਮਹੀਨੇ ਵਿੱਚ 600 ਯੂਨਿਟਾਂ ਤੋਂ ਵੱਧ ਖਪਤ / 300 ਯੂਨਿਟਾਂ ਪ੍ਰਤੀ ਮਹੀਨਾ ਤੋਂ ਵੱਧ ਖਪਤ:

ਪੀ.ਐਸ.ਪੀ.ਸੀ.ਐਲ. ਕਰਮਚਾਰੀ, ਉਪਰੋਕਤ ਪੁਆਇੰਟ 2(ੳ) ਵਿੱਚ ਦਰਸਾਏ ਗਏ ਖਪਤਕਾਰਾਂ ਤੋਂ ਇਲਾਵਾ, ਵਿੱਤ ਸਰਕੂਲਰ ਨੰ. 19/2011 ਮਿਤੀ 07.01.2011 ਮੁਤਾਬਿਕ ਮੌਜੂਦਾ ਹਦਾਇਤਾਂ ਅਨੁਸਾਰ ਬਿਲ ਦਾ ਭੁਗਤਾਨ ਕਰਨਗੇ।

5. 7 ਕਿਲੋਵਾਟ ਤੱਕ ਸਬਸਿਡੀ @ 3 ਰੁਪਏ ਪ੍ਰਤੀ ਯੂਨਿਟ (ਸਮੇਤ ਸਰਕਾਰੀ ਖਰਚੇ/ਲੇਵੀਜ):

ਘਰੇਲੂ ਖਪਤਕਾਰ ਜਿਹੜੇ ਸਿਰਫ ਰਿਹਾਇਸ਼ੀ ਉਦੇਸ਼ ਲਈ ਬਿਜਲੀ ਦੀ ਵਰਤੋਂ ਕਰਦੇ ਹਨ ਅਤੇ ਜਿਹਨ੍ਹਾਂ ਦਾ ਮੰਨਜ਼ੂਰਸ਼ੁਦਾ ਲੋਡ 7 ਕਿਲੋਵਾਟ ਤੱਕ ਹੈ, ਨੂੰ ਵਣਜ ਗਸ਼ਤੀ ਪੱਤਰ ਨੰ. 41/2021 ਮਿਤੀ 23.11.2021 ਦੀਆਂ ਹਦਾਇਤਾਂ ਅਨੁਸਾਰ ਬਿਜਲੀ ਟੈਰਿਫ ਦੀਆਂ ਵੱਖ-ਵੱਖ ਸਲੈਬਾਂ ਤੇ 3 ਰੁਪਏ ਪ੍ਰਤੀ ਯੂਨਿਟ ਦੀ ਸਬਸਿਡੀ (ਸਮੇਤ ਸਰਕਾਰੀ ਖਰਚੇ/ਲੇਵੀਜ) ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ।

ਉਪਰੋਕਤ ਦਿੱਤੀ ਗਈ ਮੁਫਤ ਬਿਜਲੀ ਦੀ ਰਿਆਇਤ ਅਤੇ ਟੈਰਿਫ ਦੀਆਂ ਘਟਾਈਆਂ ਗਈਆਂ ਦਰਾਂ ਦੀ ਪ੍ਰਤੀਪੂਰਤੀ ਪੰਜਾਬ ਸਰਕਾਰ ਵੱਲੋਂ ਪੀ.ਐਸ.ਪੀ.ਸੀ.ਐਲ. ਨੂੰ ਸਬਸਿਡੀ ਦੇ ਰੂਪ ਵਿੱਚ ਕੀਤੀ ਜਾਵੇਗੀ। ਉਪਰੋਕਤ ਰਿਆਇਤੀ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਅਤੇ ਪੰਜਾਬ ਸਰਕਾਰ ਤੋਂ ਅਜਿਹੀ ਸਬਸਿਡੀ ਦੇ ਦਾਅਵੇ ਲਈ ਰੂਪ-ਰੇਖਾ ਪ੍ਰਮੁੱਖ ਇੰਜੀਨੀਅਰ/ਆਈ.ਟੀ., ਮੁੱਖ ਲੇਖਾ ਅਫਸਰ/ਰੈਵੀਨਿਊ ਅਤੇ ਵਿੱਤ ਸਲਾਹਕਾਰ, ਪੀ.ਐਸ.ਪੀ.ਸੀ.ਐਲ. ਦੇ ਦਫਤਰ ਵੱਲੋਂ ਬਣਾਈ ਜਾਵੇਗੀ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਵੀ ਉਹਨਾਂ ਦੇ ਦਫਤਰਾਂ ਦੁਆਰਾ ਹੀ ਕੀਤੀ ਜਾਵੇਗੀ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਇਹ ਸਰਕੂਲਰ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ **(www.pspcl.in)** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ: ਉਪਰੋਕਤ ਅਨੁਸਾਰ।

23/7/22

ਉਪ ਮੁੱਖ ਇੰਜੀਨੀਅਰ/ਵਿਕਰੀ-2,
ਵਾ: ਮੁੱਖ ਇੰਜੀਨੀਅਰ/ਵਣਜ,
ਪੀ.ਐਸ.ਪੀ.ਸੀ.ਐਲ., ਪਟਿਆਲਾ।

Endst. No. **239/249** /SV-190 Dated: **23.07.2022**

1. ਮਾਨਯੋਗ ਬਿਜਲੀ ਮੰਤਰੀ, ਕਮਰਾ ਨੰ. 24, 7ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
2. ਪ੍ਰਿੰਸੀਪਲ ਸਕੱਤਰ/ਫਾਇਨੈਂਸ ਟੂ ਗੌਰਮਿੰਟ ਪੰਜਾਬ ਐਕਸ-ਆਫਿਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਸਰਕੂਲਰ ਰਾਹੀਂ ਦਿੱਤੀ ਗਈ ਰਿਆਇਤ ਦੇ ਭੁਗਤਾਨ ਲਈ ਲੋੜੀਂਦਾ ਬਜਟ ਉਪਬੰਧ ਕੀਤਾ ਜਾਵੇ ਜੀ।
3. ਪ੍ਰਮੁੱਖ ਸਕੱਤਰ/ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।

Scanned with CamScanner

4. ਸਕੱਤਰ/ਇੰਡਸਟਰੀਜ ਅਤੇ ਕਮਰਸ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
5. ਪ੍ਰੇਜੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ), ਐਸ.ਸੀ.ਓ.ਨੰ. 3009-10, ਸੈਕਟਰ-22, ਚੰਡੀਗੜ੍ਹ।
6. ਸਕੱਤਰ/ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, Sight no 3, Madhya Marg, ਸੈਕਟਰ-18 ਏ, ਚੰਡੀਗੜ੍ਹ।
7. ਓਮਬਡਸਮੈਨ, ਇਲੈਕਟ੍ਰਿਸਿਟੀ ਪੰਜਾਬ 66 ਕੇਵੀ ਗਰਿਡ ਸਬ-ਸਟੇਸ਼ਨ, ਪਲਾਟਨੰ. ਏ-2, ਇੰਡਸਟਰੀਅਲ ਏਰੀਆ, ਫੇਜ-1, ਐਸਏਐਸ ਨਗਰ (ਮੋਹਾਲੀ) -160055 ਨੂੰ ਅਪੀਲ ਨੰਬਰ 23 ਆਫ2019 ਵਿੱਚ ਕੀਤੇ ਗਏ ਹੁਕਮ ਮਿਤੀ 09.07.2019ਦੀ ਪਾਲਣਾ ਕਰਨ ਤੇ ਸੂਚਨਾਂ ਹਿੱਤ।
8. ਪ੍ਰੰਬਧਕੀ ਨਿਰਦੇਸ਼ਕ / ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ, ਚੰਡੀਗੜ੍ਹ।
9. ਮੁੱਖ ਇੰਜ:/ਆਈ.ਟੀ, ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈਹਿੱਤ।
10. ਚੀਫ ਕੋ-ਆਰਡੀਨੇਟਰ,ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡਸਟ੍ਰੀਜ, ਪੰਜਾਬ, ਸੈਕਟਰ-17, ਚੰਡੀਗੜ੍ਹ।
11. ਉਪ ਮੁੱਖ ਇੰਜ:/ਬਿਲਿੰਗ, ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ।

ਸੀਨ:ਕਾ:ਕਾ:ਇੰਜ਼:/ਸੇਲਜ-5,
ਪੀ.ਐਸ.ਪੀ.ਸੀ.ਐਲ.,ਪਟਿਆਲਾ।

ਸੀਸੀ:

**The following may download the Circular from PSPCL website (www.pspcl.in)**

1) ਪੀ.ਐਸ. ਟੂ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
2) ਸਾਰੇ ਨਿਰਦੇਸ਼ਕ, ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਮੁੱਖ ਇੰਜੀਨੀਅਰ/ਚੇਅਰਮੈਨ (ਫੋਰਮ), ਪੀ-1, ਵਾਈਟ ਹਾਊਸ, ਰਾਜਪੁਰਾ ਕਲੋਨੀ, ਪਟਿਆਲਾ।
4) ਡੀ.ਜੀ.ਐਮ./ਆਈ.ਟੀ. (ਐਸ.ਡੀ.ਐਂਡ.ਆਈ.), ਪੀ.ਐਸ.ਪੀ.ਸੀ.ਐਲ., ਪਟਿਆਲਾ।
5) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
6) ਵਿੱਤ ਸਲਾਹਕਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
7) ਮੁੱਖ ਆਡੀਟਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
8) ਮੁੱਖ ਇੰਜ਼ੀਨੀਅਰ/ਏ.ਆਰ.ਆਰ. ਤੇ ਟੀ.ਆਰ., ਪੀ.ਐਸ.ਪੀ.ਸੀ.ਐਲ., ਪਟਿਆਲਾ।
9) ਸਾਰੇ ਉਪ ਮੁੱਖ ਇੰਜ਼:/ਨਿਗ:ਇੰਜ਼:ਅਧੀਨ ਵੰਡ ਸੰਸਥਾਂ, ਪੀ.ਐਸ.ਪੀ.ਸੀ.ਐਲ.।
10) ਨਿਗ:ਇੰਜ਼:/ਸੇਲਜ-1, ਉਪ ਮੁੱਖ ਇੰਜ਼:/ਰੈਗੂਲੇਸ਼ਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
11) ਸਾਰੇ ਵਧੀਕ ਨਿਗ.ਇੰਜ਼:/ਸੀਨ:ਕਾ:ਕਾ:ਇੰਜ/ਸਹਾ:ਕਾ:ਕਾ:ਇੰਜ:/ਅਧੀਨ ਵਣਜ ਸੰਸਥਾ।
12) ਸਾਰੇ ਵਧੀਕ ਨਿਗ.ਇੰਜ਼:/ਸੀਨ:ਕਾ:ਕਾ:ਇੰਜ਼/ਸਹਾ:ਕਾ:ਕਾ:ਇੰਜ:/ਸਹਾ:ਇੰਜ਼:ਅਧੀਨ ਵੰਡ ਸੰਸਥਾ, ਪੀ.ਐਸ.ਪੀ.ਸੀ.ਐਲ.।

ਸੀਨ:ਕਾ:ਕਾ:ਇੰਜ਼:/ਸੇਲਜ-5,
ਪੀ.ਐਸ.ਪੀ.ਸੀ.ਐਲ.,ਪਟਿਆਲਾ।

Scanned with CamScanner

## ਸਵੈ-ਘੋਸ਼ਣਾ

600 ਯੂਨਿਟ 2 ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਤੋਂ ਵੱਧ ਖੱਪਤ ਵਾਲੇ ਐਸ.ਸੀ, ਬੀ.ਸੀ., ਨੋਨ ਐਸ.ਸੀ. / ਬੀ.ਸੀ. ਬੀ.ਪੀ.ਐਲ. ਅਤੇ ਪੰਜਾਬ ਰਾਜ ਦੇ ਫਰੀਡਮ ਫਾਈਟਰਜ਼ ਅਤੇ ਉਹਨਾਂ ਦੇ ਵਾਰਿਸਾਂ ਵੱਲੋਂ 600 ਯੂਨਿਟ 2 ਮਹੀਨੇ ਲਈ / 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੀ ਸਹੂਲਤ ਲੈਣ ਲਈ

1. ਇਹ ਕਿ ਮੈ ............................................ ਪੁੱਤਰ/ਪੁੱਤਰੀ/ਪਤਨੀ ..................... ਵਾਸੀ .................................... ਪਿੰਡ/ ਸ਼ਹਿਰ ..................... ਜਿਲ੍ਹਾ ...................... ਦਾ/ਦੀ ਵਸਨੀਕ ਹਾਂ ਅਤੇ ਹੇਠ ਲਿਖੇ ਅਨੁਸਾਰ ਸਵੈ-ਘੋਸ਼ਣਾ ਕਰਦਾ / ਕਰਦੀ ਹਾਂ।

2. ਇਹ ਕਿ ਮੈਂ ਐਸ.ਸੀ., ਬੀ.ਸੀ., ਨੋਨ ਐਸ.ਸੀ / ਬੀ.ਸੀ. ਬੀ.ਪੀ.ਐਲ. ਕੈਟਾਗਰੀ ਅਤੇ ਫਰੀਡਮ ਫਾਈਟਰ ਅਤੇ ਉਸਦੇ ਵਾਰਿਸ ਵਾਲੀ ਕੈਟਾਗਰੀ ਨਾਲ ਸਬੰਧ ਰੱਖਦਾ / ਰੱਖਦੀ ਹਾਂ (ਸਰਟੀਫਿਕੇਟ ਦੀ ਕਾਪੀ ਨੱਥੀ ਹੈ)।

3. ਮੇਰਾ ਅਧਾਰ ਨੰ: .................................... ਹੈ (ਕਾਪੀ ਨੱਥੀ) ।

4. ਇਹ ਕਿ ਮੇਰਾ ਘਰੇਲੂ ਸ੍ਰੇਣੀ ਦਾ ਬਿਜਲੀ ਕੁਨੈਸ਼ਕਨ (ਖਾਤਾ ਨੰ: ...................................... ਮੇਰੇ ਨਾਮ ਤੇ ਹੈ)।

5. ਇਹ ਕਿ ਮੈਂ ਅਤੇ ਮੇਰੇ ਪਰਿਵਾਰ (ਪਰਿਵਾਰ ਦਾ ਇੱਥੇ ਮਤਲਬ ਹੈ ਕਿ ਇੱਕੋ ਹੀ ਘਰ ਜਿੱਥੇ ਮੁਫਤ ਬਿਜਲੀ ਦੀ ਸਹੂਲਤ ਲੈਣੀ ਹੈ ਉੱਥੇ ਰਹਿਣ ਵਾਲੇ ਪਰਿਵਾਰਕ ਮੈਂਬਰ) ਦੇ ਕਿਸੇ ਵੀ ਮੈਂਬਰ ਵੱਲੋਂ ਪਿੱਛਲੇ ਵਿੱਤੀ ਸਾਲ ਵਿੱਚ ਇਨਕਮ ਟੈਕਸ ਅਦਾ ਨਹੀ ਕੀਤਾ ਹੈ।

6. ਇਹ ਕਿ ਜਦੋਂ ਵੀ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਆਮਦਨ ਕਰ (Income Tax) ਦੇ ਦਾਇਰੇ ਵਿਚ ਆਵੇਗਾ/ਆਵੇਗੀ ਤਾਂ ਆਪਣੇ ਸਬੰਧਤ ਸੰਚਾਲਣ ਉਪ ਮੰਡਲ ਦਫਤਰ ਵਿਖੇ ਮੈ ਇਸਦੀ ਸੂਚਨਾਂ ਦੇਣੀ ਯਕੀਨੀ ਬਣਾਵਾਂਗਾਂ/ਬਣਾਵਾਂਗੀ ।

7. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਸਾਬਕਾ ਜਾਂ ਮੌਜੂਦਾ ਸੰਵਿਧਾਨਿਕ ਅਹੁੱਦੇ ਤੇ ਤੈਨਾਤ ਨਹੀਂ ਸੀ/ਨਹੀਂ ਹਾਂ ।

8. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਕਿਸੇ ਸਾਬਕਾ ਜਾਂ ਮੌਜੂਦਾ ਮੰਤਰੀ / ਰਾਜ ਮੰਤਰੀ ਜਾਂ ਲੋਕ ਸਭਾ/ਰਾਜ ਸਭਾ/ਰਾਜ ਵਿਧਾਨ ਸਭਾ/ਰਾਜ ਵਿਧਾਨ ਸਭਾ ਕੌਂਸਲ ਦਾ ਸਾਬਕਾ ਜਾਂ ਮੌਜੂਦਾ ਮੈਂਬਰ ਜਾਂ ਮਿਉਂਸਪਲ ਕਾਰਪੋਰੇਸ਼ਨਾਂ ਦਾ ਸਾਬਕਾ ਜਾਂ ਮੌਜੂਦਾ ਮੇਅਰ ਜਾ ਜਿਲ੍ਹਾ ਪੰਚਾਇਤਾਂ ਦਾ ਸਾਬਕਾ ਜਾਂ ਮੌਜੂਦਾ ਚੇਅਰਪਰਸਨ ਨਹੀਂ ਸੀ/ਨਹੀਂ ਹਾਂ।

9. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਕੇਂਦਰ/ਰਾਜ ਸਰਕਾਰ ਤੇ ਮੰਤਰਾਲਿਆਂ/ ਦਫਰਤਾਂ/ਵਿਭਾਗਾਂ ਅਤੇ ਇਸ ਦੀਆਂ ਫੀਲਡ ਇਕਾਈਆਂ, ਕੇਂਦਰੀ ਜਾਂ ਰਾਜ ਪੀ.ਐਸ.ਈਜ਼ (PSEs) ਅਤੇ ਸਰਕਾਰ ਅਧੀਨ ਸਬੰਧਤ ਦਫਤਰਾਂ/ਖੁੱਦ ਮੁਖਤਿਆਰ ਸੰਸਥਾਂਵਾਂ ਜਾਂ ਲੋਕਲ ਬਾਡੀਜ਼ ਦਾ ਰੈਗੂਲਰ ਕਰਮਚਾਰੀ ਨਹੀਂ ਸੀ/ਨਹੀਂ ਹਾਂ (ਮਲਟੀ-ਟਾਸਕਿੰਗ ਸਟਾਫ ਦਰਜਾ ਚਾਰਜ ਗਰੁੱਪ ਡੀ ਕਰਮਚਾਰੀਆਂ ਤੇ ਲਾਗੂ ਨਹੀ)।

10. ਇਹ ਕਿ ਮੇਰੀ ਪਰਿਵਾਰਿਕ ਮਹੀਨਾਵਾਰ ਪੈਨਸ਼ਨ 10 ਹਜ਼ਾਰ ਰੁਪਏ ਜਾਂ ਇਸ ਤੋਂ ਵੱਧ ਨਹੀ ਹੈ (ਮਲਟੀ-ਟਾਸਕਿੰਗ ਸਟਾਫ ਦਰਜਾ ਚਾਰਜ ਗਰੁੱਧ ਡੀ ਕਰਮਚਾਰੀਆਂ ਤੇ ਲਾਗੂ ਨਹੀ)।

11. ਇਹ ਕਿ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਬਰ ਕਿਸੇ ਪੇਸ਼ੇਵਰ ਸੰਸਥਾ ਨਾਲ ਪੰਜੀਕ੍ਰਿਤ ਪੇਸ਼ੇਵਰ ਜਿਵੇਂ ਕਿ ਡਾਕਟਰ, ਇੰਜੀਨੀਅਰ, ਵਕੀਲ, ਚਾਰਟਡ ਅਕਾਉਂਟੈਂਟ ਅਤੇ ਆਰਕੀਟੈਕਟ ਨਹੀ ਹਾਂ ਅਤੇ ਆਪਣੇ ਪੇਸ਼ੇ ਨੂੰ ਕਿੱਤੇ ਵੱਲੋਂ ਨਹੀ ਵਰਤ ਰਿਹਾ/ਰਹੀ ਹਾਂ।

12. ਇਹ ਕਿ ਜੇਕਰ ਭਵਿੱਖ ਵਿੱਚ ਮੈਂ ਉਪਰੋਕਤ ਸ਼ਰਤਾਂ (ਲੜੀ ਨੰ: 1 ਤੋਂ 11) ਨੂੰ ਪੂਰੀਆਂ ਕਰਦਾ ਨਹੀਂ ਰਹਾਂਗਾਂ/ਨਹੀਂ ਰਹਾਂਗੀ ਤਾਂ ਮੈ ਇਸ ਬਾਬਤ ਤੁਰੰਤ ਪੀ.ਐਸ.ਪੀ.ਸੀ.ਐਲ ਦੇ ਸਬੰਧਤ ਸੰਚਾਲਣ ਦਫਤਰ ਨੂੰ ਸੂਚਿਤ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ।

ਜੇਕਰ ਮੇਰੇ ਵੱਲੋਂ ਉਪਰੋਕਤ ਦਿੱਤੀ ਸਵੈ-ਘੋਸ਼ਣਾ ਗਲਤ ਪਾਈ ਜਾਂਦੀ ਹੈ ਤਾਂ ਪੀ.ਐਸ.ਪੀ.ਸੀ.ਐਲ/ ਪੰਜਾਬ ਸਰਕਾਰ ਨੂੰ ਪ੍ਰਚਲਿਤ ਹਦਾਇਤਾਂ ਅਨੁਸਾਰ ਮੇਰੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ।

ਖਪਤਕਾਰ ਦੇ ਹਸਤਾਖਰ

ਨਾਮ ਅਤੇ ਪਤਾ ..............................

ਮੋਬਾਇਲ ਨੰਬਰ ..............................

ਈਮੇਲ: ..............................

Scanned with CamScanner